# BC HANDS & VOICES

*"What works for your child is what makes the choice right."™*

BC Hands & Voices is a parent-driven, non-profit organization dedicated to supporting families with children who are deaf or hard of hearing.



## Keep 'em Safe, Wear 'em Proud!

# ਉਹਨਾਂ ਨੂੰ ਸੁਰੱਖਿਅਤ ਰੱਖੋ, ਅਤੇ ਮਾਣ ਨਾਲ ਪਹਿਨੋ!

## ਬੇਬੀਆਂ, ਰੁੜਨ ਦੀ ਉਮਰ ਦੇ ਬੱਚਿਆਂ ਅਤੇ ਸਕੂਲ ਜਾਣਾ ਸ਼ੁਰੂ ਕਰਨ ਤੋਂ ਪਹਿਲਾਂ ਦੀ ਉਮਰ ਦੇ ਬੱਚਿਆਂ ਦੇ ਸੁਣਨ ਵਾਲਾ ਸਾਜ਼-ਸਾਮਾਨ (ਹੀਅਰਿੰਗ ਇਕੁਇਪਮੈਂਟ) ਪਹਿਨਾਈ ਰੱਖਣ ਬਾਰੇ ਸੁਝਾਅ

ਲੇਖਕਾ ਟੈਰੀਸਾ ਕੈਜ਼ਮੀਰ

By Teresa Kazemir

ਮੈਨੂੰ ਯਾਦ ਹੈ ਕਿ ਜਦੋਂ ਮੈਂ ਆਪਣੀ ਝੋਲੀ ਵਿੱਚ ਨਵੀਆਂ ਹੀਅਰਿੰਗ ਏਡਾਂ ਦਾ ਬੌਕਸ ਰੱਖ ਕੇ ਆਡੀਓਲੌਜਿਸਟ ਕੋਲੋਂ ਘਰ ਨੂੰ ਵਾਪਸ ਆ ਰਹੀ ਸੀ ਤਾਂ ਮੈਨੂੰ ਬਹੁਤ ਘੱਟ ਜਾਣਕਾਰੀ ਸੀ ਕਿ ਬੇਬੀ ਦੇ ਸੁਣਨ ਦਾ ਸਾਜ਼ ਸਮਾਨ ਪਹਿਨਾਈ ਰੱਖਣ ਲਈ ਕੀ ਕਰਨਾ ਪਏਗਾ! ਜਿਹੜੀਆਂ ਕੁੱਝ ਚੀਜ਼ਾਂ ਅਸੀਂ ਸਿੱਖੀਆਂ, ਉਹ ਇਸ ਪ੍ਰਕਾਰ ਹਨ:

- ਜਦੋਂ ਬੇਬੀ ਦਾ ਸਿਰ ਕਿਸੇ ਚੀਜ਼ ਨਾਲ ਲਗਦਾ ਹੈ ਤਾਂ ਹੀਅਰਿੰਗ ਏਡਾਂ ਵਿੱਚ ਸੀਟੀ ਵੱਜਣ ਲਗਦੀ ਹੈ – ਅਜਿਹਾ ਕਈ ਵਾਰ ਹੁੰਦਾ ਹੈ, ਜਦੋਂ ਬੇਬੀਆਂ ਨੂੰ ਲਾਡ ਲਡਾਇਆ ਜਾਂਦਾ ਹੈ ਅਤੇ ਜਦੋਂ ਉਹ ਕਾਰ ਦੀਆਂ ਸੀਟਾਂ, ਸਟ੍ਰੋਲਰਾਂ, ਪੀਂਘਾਂ ਆਦਿ ਵਿੱਚ ਬੈਠਦੇ ਹਨ।
- ਜਦੋਂ ਬੇਬੀ ਪਿੱਠ ਭਾਰ ਪਏ ਬਹੁਤ ਜ਼ਿਆਦਾ ਥੁੱਕਦੇ ਹਨ, ਤਾਂ ਇਹ ਥੁੱਕ ਉਹਨਾਂ ਦੇ ਸੁਣਨ ਵਾਲੇ ਸਾਜ਼ ਸਮਾਨ ਵਿੱਚ ਪੈ ਜਾਂਦਾ ਹੈ।
- ਇਸ ਤਰ੍ਹਾਂ ਦੀ ਟੋਪੀ ਲੱਭਣੀ ਕਾਫੀ ਔਖੀ ਹੋ ਸਕਦੀ ਹੈ, ਜਿਹੜੀ ਬੇਬੀ ਦੇ ਸਿਰ ਨੂੰ ਨਿੱਘਾ ਰੱਖੇ, ਹੀਅਰਿੰਗ ਏਡਾਂ ਨੂੰ ਸੁੱਕੀਆਂ ਰੱਖੇ ਪਰ ਜਿਸ ਨਾਲ ਹੀਅਰਿੰਗ ਏਡਾਂ ਦੀ ਸੀਟੀ ਨਾ ਵੱਜੇ।
- ਜਿਵੇਂ ਜਿਵੇਂ ਬੇਬੀ ਵੱਡੇ ਹੁੰਦੇ ਹਨ, ਤਾਂ ਉਹ ਆਪਣੇ ਸੁਣਨ ਵਾਲੇ ਸਾਜ਼ ਸਾਮਾਨ ਸਮੇਤ ਹਰ ਚੀਜ਼ ਨੂੰ ਆਪਣੇ ਮੂੰਹ ਵਿੱਚ ਪਾਉਣਾ ਚਾਹੁੰਦੇ ਹਨ!
- ਜਦੋਂ ਬੇਬੀ ਰੁੜਨ ਦੀ ਉਮਰ ਦੇ ਹੋ ਜਾਂਦੇ ਹਨ ਤਾਂ ਉਹ ਹੀਅਰਿੰਗ ਏਡਾਂ ਨੂੰ ਲਾਹ ਕੇ ਪਰ੍ਹੇ ਸੁੱਟਣ ਨੂੰ ਬਹੁਤ ਮਜ਼ੇ ਵਾਲੀ ਖੇਡ ਸਮਝਦੇ ਹਨ!

ਹਰ ਬੋਲਾ ਜਾਂ ਉੱਚੀ ਸੁਣਨ ਵਾਲਾ ਬੱਚਾ ਸੁਣਨ ਦਾ ਸਾਜ਼ ਸਮਾਨ ਨਹੀਂ ਵਰਤਦਾ ਅਤੇ ਵੱਖ ਵੱਖ ਪਰਿਵਾਰਾਂ ਦੇ ਇਸ ਸੰਬੰਧ ਵਿੱਚ ਵੱਖਰੇ ਵੱਖਰੇ ਉਦੇਸ਼ ਹੋ ਸਕਦੇ ਹਨ ਕਿ ਹਰ ਰੋਜ਼ ਉਹਨਾਂ ਦੇ ਬੱਚੇ ਨੇ ਕਿੰਨੇ ਘੰਟੇ ਅਵਾਜ਼ ਨੂੰ ਉੱਚੀ ਕਰਨ ਵਾਲਾ ਸਾਜ਼-ਸਮਾਨ ਪਹਿਨਣਾ ਹੈ। ਪਰ ਜੇ ਤੁਹਾਡਾ ਉਦੇਸ਼ ਹੈ ਕਿ ਤੁਹਾਡਾ ਬੇਬੀ, ਰੁੜਨ ਦੀ ਉਮਰ ਦਾ ਬੱਚਾ ਜਾਂ ਸਕੂਲ ਜਾਣ ਤੋਂ ਘੱਟ ਉਮਰ ਦਾ ਬੱਚਾ ਸੁਣਨ ਵਾਲਾ ਸਮਾਨ ਪਹਿਨੇ ਅਤੇ ਤੁਹਾਨੂੰ ਇਸ ਵਿੱਚ ਮੁਸ਼ਕਿਲ ਆ ਰਹੀ ਹੈ – ਤਾਂ ਤੁਸੀਂ ਇਕੱਲੇ ਨਹੀਂ ਹੋ!!

ਅਸੀਂ ਦੂਸਰੇ ਮਾਪਿਆਂ ਵਲੋਂ ਦੱਸੇ ਕੁੱਝ ਸੁਝਾਵਾਂ ਅਤੇ ਵੈੱਬਸਾਈਟਾਂ ਦੀ ਇਕ ਸੂਚੀ ਤਿਆਰ ਕੀਤੀ ਹੈ – ਸਾਨੂੰ ਉਮੀਦ ਹੈ ਕਿ ਇਹ ਤੁਹਾਨੂੰ ਮਦਦਗਾਰ ਲੱਗਣਗੇ। (ਕਿਰਪਾ ਕਰਕੇ ਨੋਟ ਕਰੋ ਕਿ ਬੀ ਸੀ ਹੈਂਡਜ਼ ਐਂਡ ਵੁਆਇਸਜ਼ ਕਿਸੇ ਖਾਸ ਵਸਤ ਦੀ ਪੁਸ਼ਟੀ ਨਹੀਂ ਕਰਦਾ, ਨਾ ਸਾਨੂੰ ਹੇਠਾਂ ਦੱਸੀਆਂ ਵਸਤਾਂ ਦੀ ਵਿਕਰੀ ਤੋਂ ਕੋਈ ਮਾਇਕ ਲਾਭ ਹੁੰਦਾ ਹੈ। ਇਹ ਸਿਰਫ ਉਸ ਜਾਣਕਾਰੀ ਦੇ ਅਧਾਰ 'ਤੇ ਕੁੱਝ ਸੁਝਾਅ ਹਨ ਜਿਹੜੀ ਜਾਣਕਾਰੀ ਸਾਨੂੰ ਦੂਜੇ ਮਾਪਿਆਂ ਨੇ ਦਿੱਤੀ ਹੈ ਕਿ ਉਹਨਾਂ ਨੂੰ ਕਿਹੜੀਆਂ ਚੀਜ਼ਾਂ ਮਦਦਗਾਰ ਲੱਗੀਆਂ ਹਨ। ਇਸ ਦੇ ਨਾਲ ਹੀ ਅਸੀਂ ਸਿਫਾਰਿਸ਼ ਕਰਦੇ ਹਾਂ ਕਿ ਤੁਸੀਂ ਗਲ ਘੁੱਟ ਹੋ ਜਾਣ ਦੇ ਸੰਭਾਵੀ ਖਤਰਿਆਂ ਨੂੰ ਧਿਆਨ ਵਿੱਚ ਰੱਖੋ ਜੇ ਤੁਸੀਂ ਇਹਨਾਂ ਵਿੱਚੋਂ ਕੁੱਝ ਵਸਤਾਂ ਨੂੰ ਛੋਟੇ ਬੱਚੇ ਲਈ ਵਰਤਣ ਬਾਰੇ ਸੋਚ ਰਹੇ ਹੋ।)

## ਸੁਝਾਅ # 1 – ਵਿਗ ਲਾਉਣ ਵਾਲੀ ਟੇਪ

ਨਿੱਕੇ ਕੰਨਾ 'ਤੇ ਹੀਅਰਿੰਗ ਏਡਾਂ ਜਾਂ ਕੋਕਲੀਅਰ ਇੰਪਲਾਂਟ ਲਾਈ ਰੱਖਣ ਲਈ ਵਿਗ ਲਾਉਣ ਵਾਲੀ ਟੇਪ ਕਾਫੀ ਮਦਦਗਾਰ ਹੋ ਸਕਦੀ ਹੈ, ਖਾਸ ਕਰਕੇ ਜਦੋਂ ਉਹ ਮੁੜ ਮੁੜ ਲਹਿ ਜਾਂਦੇ ਹੋਣ। ਤੁਸੀਂ ਇਸ ਨੂੰ ਵਿਗਾਂ ਵੇਚਣ ਵਾਲੇ ਕਿਸੇ ਵੀ ਸਟੋਰ ਤੋਂ ਖ਼ਰੀਦ ਸਕਦੇ ਹੋ ਜਾਂ ਤੁਸੀਂ ਆਨਲਾਈਨ ਆਰਡਰ ਕਰ ਸਕਦੇ ਹੋ। ਗੂਗਲ 'ਤੇ ਕੀਤੀ ਆਮ ਸਰਚ ਵਿੱਚ ਕਈ ਵਿਕਰੇਤਾ ਸਾਹਮਣੇ ਆ ਜਾਂਦੇ ਹਨ (ਜਿਵੇਂ https://hairtape.com/3m-1522-clear-tape/)। ਆਮ ਤੌਰ 'ਤੇ 1/2 ਇੰਚ ਚੌੜਾਈ ਵਾਲੀ ਟੇਪ ਵਧੀਆ ਕੰਮ ਕਰਦੀ ਹੈ।

## ਸੁਝਾਅ # 2 – ਕਵਰ, ਤਾਰਾਂ ਅਤੇ ਕਲਿੱਪ

ਬਾਲਾਂ ਜਾਂ ਛੋਟੇ ਬੱਚਿਆਂ ਦੇ ਸੁਣਨ ਵਾਲਾ ਸਾਜ਼-ਸਮਾਨ ਲਾਈ ਰੱਖਣ ਵਿੱਚ ਮਦਦ ਕਰਨ ਲਈ ਕਈ ਚੀਜ਼ਾਂ ਮਿਲਦੀਆਂ ਹਨ। ਹੋ ਸਕਦਾ ਹੈ ਕਿ ਇਹ ਜਾਣਨ ਲਈ ਕਿ ਤੁਹਾਡੇ ਬੱਚੇ ਲਈ ਕਿਹੜੀ ਚੀਜ਼

We acknowledge the financial support of the Province of British Columbia.

ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

## Keep 'em Safe, Wear 'em Proud!

**By Teresa Kazemir**

ਵਧੀਆ ਕੰਮ ਕਰਦੀ ਹੈ, ਤੁਹਾਨੂੰ ਵੱਖ ਵੱਖ ਚੀਜ਼ਾਂ ਵਰਤ ਕੇ ਦੇਖਣੀਆਂ ਪੈਣ। ਹੋ ਸਕਦਾ ਹੈ ਕਿ ਤੁਹਾਡਾ ਅਰਲੀ ਇੰਟਰਵੈਨਸ਼ਨਿਸਟ ਜਾਂ ਆਡੀਓਲੌਜਿਸਟ ਨਮੂਨੇ ਦੇ ਤੌਰ 'ਤੇ ਵਰਤ ਕੇ ਦੇਖਣ ਲਈ ਤੁਹਾਡੇ ਲਈ ਕੁੱਝ ਚੀਜ਼ਾਂ ਮੁਫਤ ਮੰਗਵਾ ਸਕਦਾ ਹੋਵੇ। ਤੁਸੀਂ ਹੇਠਾਂ ਦਿੱਤੇ ਸਾਈਟਾਂ ਨੂੰ ਦੇਖ ਸਕਦੇ ਹੋ ਜਾਂ ਆਪਣੇ ਵੈੱਬ ਬਰਾਊਜ਼ਰ ਵਿੱਚ "ਹੀਅਰਿੰਗ ਏਡ ਰਿਟੈਨਸ਼ਨ" ਪਾ ਕੇ ਸਰਚ ਕਰ ਸਕਦੇ ਹੋ।

**ਈਅਰ ਗੀਅਰ** (www.gearforears.com) – ਪਾਣੀ ਨੂੰ ਰੋਕਣ ਵਾਲੇ (ਵਾਟਰ ਰਿਜ਼ਿਸਟੈਂਟ) ਰੰਗ ਬਰੰਗੇ ਕਵਰ, ਜਿਹਨਾਂ ਨੂੰ ਕਲਿੱਪ ਲਾ ਕੇ ਕੱਪੜਿਆਂ ਨਾਲ ਲਾਇਆ ਜਾ ਸਕਦਾ ਹੈ। ਇਹ ਬੀ ਸੀ ਵਿੱਚ ਬਣਾਏ ਜਾਂਦੇ ਹਨ

**ਹਗੀਜ਼** (Hearing Aid Protection (Huggies / Ear Gear / Otoclips)-Diatec Canada) ਹੀਅਰਿੰਗ ਏਡਾਂ ਨੂੰ ਬੱਚੇ ਦੇ ਕੰਨਾਂ ਤੋਂ ਢਿਲਕਣ ਤੋਂ ਰੋਕ ਸਕਦੇ ਹਨ, ਤਾਂ ਕਿ ਇਹ ਉਸ ਦਾ ਧਿਆਨ ਭੰਗ ਨਾ ਕਰਨ ਅਤੇ ਉਹ ਇਸ ਨੂੰ ਲਾਹ ਕੇ ਸੁੱਟਣ ਦੀ ਘੱਟ ਕੋਸ਼ਿਸ਼ ਕਰੇ।

**ਕਰਿੱਟਰ ਕਲਿੱਪ** (https://adcohearing.com/collections/ear-care-hearing-aid-supplies-clips-and-loss-prevention-clips-for-kids/products/critter-clip-bte-binauraldouble) – ਇਕ ਹਲਕੀ ਡੋਰੀ (ਲੈਨਯਾਰਡ) ਜਿਹੜੀ ਹੀਅਰਿੰਗ ਏਡ ਨਾਲ ਜੁੜ ਜਾਂਦੀ ਹੈ ਅਤੇ ਰੰਗਦਾਰ ਕਲਿੱਪ ਨਾਲ (ਡੀਨੋ ਕਲਿੱਪਾਂ ਅਤੇ ਸੀਅ ਕਲਿੱਪਾਂ ਨਾਲ ਵੀ) ਬੱਚੇ ਦੇ ਕੱਪੜਿਆਂ ਨਾਲ ਲੱਗ ਜਾਂਦੀ ਹੈ।

**ਔਟੋਕਲਿੱਪਸ** (https://adcohearing.com/search?type=product&q=otoclip) ਹੀਅਰਿੰਗ ਏਡਾਂ ਨੂੰ ਕੱਪੜਿਆਂ ਨਾਲ ਜੋੜਨ ਲਈ ਤਿਆਰ ਕੀਤੇ ਸਾਦਾ ਕਲਿੱਪ ਅਤੇ ਤਾਰਾਂ।

**ਸੇਫ ਐਨ ਸਾਊਂਡ ਸੁਰੱਖਿਅਤ ਵੱਧਰੀਆਂ (ਸਟਰੈਪਸ)** (www.getsafensound.com) ਇਹ ਸਿਰ 'ਤੇ ਚੰਗੀ ਤਰ੍ਹਾਂ ਫਿੱਟ ਹੋ ਜਾਂਦੀਆਂ ਹਨ ਅਤੇ ਇਹਨਾਂ ਤੱਕ ਬੱਚੇ ਦਾ ਹੱਥ ਪਹੁੰਚਣਾ ਔਖਾ ਹੁੰਦਾ ਹੈ। ਉਹ ਐਨਕਾਂ ਨਾਲ ਕੰਮ ਕਰ ਸਕਦੀਆਂ ਹਨ ਅਤੇ ਉਹਨਾਂ ਕੋਲ ਇਕ ਐਸੀ ਵੱਧਰੀ ਵੀ ਹੈ ਜੋ ਵਾਲਾਂ 'ਤੇ ਲਾਉਣ ਵਾਲੇ ਕਲਿੱਪ ਨਾਲ ਜੁੜ ਜਾਂਦੀ ਹੈ। ਹੀਅਰਿੰਗ ਏਡਾਂ ਨੂੰ ਕੱਪੜਿਆਂ ਨਾਲ ਲਾਈ ਰੱਖਣ ਲਈ ਕਈ ਘਰ ਵਿਚਲੀਆਂ ਚੀਜ਼ਾਂ ਵੀ ਵਰਤੀਆਂ ਜਾ ਸਕਦੀਆਂ ਹਨ। ਤੁਸੀਂ ਹੀਅਰਿੰਗ ਏਡਾਂ ਨੂੰ ਦੰਦਾਂ ਵਾਲੀ ਫਲੌਸ ਜਾਂ ਫਿਸ਼ਿੰਗ ਲਾਈਨ ਨਾਲ ਬੰਨ ਕੇ ਇਸ ਨੂੰ ਕਮੀਜ਼ ਦੇ ਪਿਛਲੇ ਪਾਸੇ ਕਲਿੱਪ ਨਾਲ ਲਾ ਸਕਦੇ ਹੋ। ਕਈ ਵਾਰੀ ਪੈਸੀਫਾਈਰ ਕਲਿੱਪ ਵੀ ਕੰਮ ਕਰ ਸਕਦੇ ਹਨ ਜਾਂ ਉਹ ਤਾਰਾਂ ਵੀ ਜਿਹੜੀਆਂ ਐਨਕਾਂ ਨੂੰ ਥਾਂ ਸਿਰ ਰੱਖਣ ਲਈ ਵਰਤੀਆਂ ਜਾਂਦੀਆਂ ਹਨ – ਤੁਸੀਂ ਸਿਰੇ ਦੇ ਲਚਕੀਲੇ ਲੂਪ ਨੂੰ ਹੀਅਰਿੰਗ ਏਡ ਦੇ ਦੁਆਲੇ ਫਿੱਟ ਕਰ ਸਕਦੇ ਹੋ ਅਤੇ ਤਾਰ ਦੇ ਵਿਚਲੇ ਹਿੱਸੇ ਨੂੰ ਕਮੀਜ਼ ਦੇ ਕਾਲਰ ਨਾਲ ਲਾ ਸਕਦੇ ਹੋ।

## ਸੁਝਾਅ # 3 – ਟੋਪੀਆਂ

ਕੁਝ ਪਰਿਵਾਰ ਸਮਝਦੇ ਹਨ ਕਿ ਬੇਬੀਆਂ ਅਤੇ ਰੁੜਨ ਦੀ ਉਮਰ ਦੇ ਬੱਚਿਆਂ ਵਲੋਂ ਆਪਣੇ ਸੁਣਨ ਵਾਲੇ ਸਾਜ਼-ਸਾਮਾਨ ਨੂੰ ਖਿੱਚ ਕੇ ਲਾਹ ਦੇਣ ਤੋਂ ਰੋਕਥਾਮ ਕਰਨ ਲਈ ਟੋਪੀ ਪਹਿਨਣਾ ਇਕ ਚੰਗਾ ਤਰੀਕਾ ਹੈ। ਠੋਡੀ ਦੇ ਹੇਠਾਂ ਬੰਨੀਆਂ ਜਾਂ ਕੱਸੀਆਂ ਜਾ ਸਕਣ ਵਾਲੀਆਂ ਘਰ ਵਿੱਚ ਬਣਾਈਆਂ ਹੋਈਆਂ ਬਾਨਿਟਾਂ (ਟੋਪੀਆਂ ਦੀ ਇਕ ਕਿਸਮ) ਵੀ ਵਧੀਆ ਤਰੀਕੇ ਨਾਲ ਕੰਮ ਕਰ ਸਕਦੀਆਂ ਹਨ, ਅਤੇ ਐਟਸੀ 'ਤੇ ਉਹਨਾਂ ਦੀਆਂ ਕਈ ਚੋਣਾਂ ਉਪਲਬਧ ਹਨ: https://www.etsy.com/ca/search?q=bonnet%20for%20hearing%20aids

ਜਦੋਂ ਕਿ ਟੋਪੀਆਂ ਇਕ ਹੱਲ ਹੋ ਸਕਦੀਆਂ ਹਨ, ਪਰ ਉਹ ਕਈ ਮੁਸ਼ਕਿਲਾਂ ਵੀ ਪੇਸ਼ ਕਰ ਸਕਦੀਆਂ ਹਨ। ਆਪਣੇ ਬੱਚੇ ਵਲੋਂ ਵਰਤੇ ਜਾਂਦੇ ਸੁਣਨ ਵਾਲੇ ਸਾਜ਼-ਸਾਮਾਨ ਅਨੁਸਾਰ ਕਈ ਪਰਿਵਾਰਾਂ ਨੂੰ ਸਿਆਲ ਵਿੱਚ ਅਜਿਹੀ ਸਿਆਲੂ ਟੋਪੀ ਲੱਭਣ ਵਿੱਚ ਮੁਸ਼ਕਿਲ ਆਉਂਦੀ ਹੈ ਜਿਹੜੀ ਬੱਚੇ ਦੇ ਸਿਰ ਨੂੰ ਨਿੱਘਾ ਵੀ ਰੱਖੇ ਅਤੇ ਉਸ ਕਾਰਨ ਫੀਡ ਬੈਕ ਵੀ ਪੈਦਾ ਨਾ ਹੋਵੇ। ਕਈ ਵਾਰ ਢਿੱਲੀ ਫਿੱਟ ਵਾਲੀ ਕਰੋਸ਼ੀਏ ਨਾਲ ਬਣਾਈ ਗਈ ਜਾਂ ਢਿੱਲੀ ਬੁਨਤੀ ਵਾਲੀ ਟੋਪੀ ਜਾਂ ਟੂਕ (ਬੁਣੀ ਹੋਈ ਗਰਮ ਟੋਪੀ) ਵਰਤਣ ਦੀ ਸਲਾਹ ਦਿੰਦੇ ਹਨ। ਮੀਂਹ ਵਿੱਚ ਜੈਕਟ 'ਤੇ ਢਿੱਲੀ ਤਰ੍ਹਾਂ ਫਿੱਟ ਹੋਣ ਵਾਲੀ ਹੁੱਡ ਚੰਗੀ ਤਰ੍ਹਾਂ ਕੰਮ ਕਰ ਸਕਦੀ ਹੈ। ਇਹ ਦੇਖਣ ਲਈ ਕਿ ਤੁਹਾਡੇ ਵਿਸ਼ੇਸ਼ ਬੱਚੇ ਲਈ ਕਿਹੜੀ ਚੀਜ਼ ਵਧੀਆ ਕੰਮ ਕਰਦੀ ਹੈ, ਤੁਹਾਨੂੰ ਵੱਖ ਵੱਖ ਚੀਜ਼ਾਂ ਵਰਤ ਕੇ ਦੇਖਣੀਆਂ ਪੈ ਸਕਦੀਆਂ ਹਨ।

## ਸੁਝਾਅ #4 – ਹੈੱਡਬੈਂਡ

ਬੋਨ ਕੰਡਕਸ਼ਨ ਹੀਅਰਿੰਗ ਏਡਾਂ ਜਾਂ ਸੌਫਟਬੈਂਡ ਐਂਕਰਡ ਹੀਅਰਿੰਗ ਸਿਸਟਮਾਂ (ਬੀ ਏ ਐੱਚ ਏਜ਼ ਜਾਂ ਬਾਹਜ਼) ਦੀ ਵਰਤੋਂ ਕਰਨ ਵਾਲੇ ਬੱਚਿਆਂ ਦੇ ਪਰਿਵਾਰ ਆਮ ਤੌਰ 'ਤੇ ਹੈੱਡਬੈਂਡਾਂ ਦੀ ਚੋਣ ਕਰਨ ਬਾਰੇ ਸੋਚਦੇ ਹਨ। ਹੀਅਰਿੰਗ ਏਡਾਂ ਵਾਲੀਆਂ ਕੰਪਨੀਆਂ ਤੋਂ ਉਪਲਬਧ ਵਸਤਾਂ ਦੇ ਇਲਾਵਾ ਏਟਸੇ.ਚੋਮ 'ਤੇ ਕੀਤੀ ਸਰਸਰੀ ਸਰਚ ਨਾਲ ਤੁਹਾਡੇ ਬੱਚੇ ਦੇ ਬਾਹਜ਼ (www.etsy.com) ਨੂੰ ਉਹਨਾਂ ਵਰਗੇ ਵਿਲੱਖਣ ਬਣਾਉਣ ਅਤੇ ਸਜਾਉਣ ਲਈ ਕਈ ਰੰਗਾਂ ਵਾਲੀਆਂ ਚੋਣਾਂ ਸਾਹਮਣੇ ਆ ਜਾਂਦੀਆਂ ਹਨ! https://www.etsy.com/search?q=softband

ਸਾਡੀ ਆਪਣੀ ਕਮਿਊਨਿਟੀ ਦੇ ਇਕ ਮੈਂਬਰ ਨੇ ਆਪਣੇ ਸੌਫਟਬੈਂਡਜ਼ ਵਿੱਚ ਖੁਦ ਤਬਦੀਲੀਆਂ ਕਰਨ ਬਾਰੇ ਕਈ ਸੁਝਾਅ ਸਾਂਝੇ ਕੀਤੇ ਹਨ। ਇਸ ਆਰਟੀਕਲ ਨੂੰ ਇੱਥੇ ਜਾ ਕੇ ਪੜ੍ਹੋ: https://www.bchandsandvoices.com/post/how-to-customize-your-baha-soft-band/

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

## Keep 'em Safe, Wear 'em Proud!

**By Teresa Kazemir**

### ਸੁਝਾਅ # 5 – ਸਜਾਵਟਾਂ

ਛੋਟੇ ਬੱਚਿਆਂ ਨੂੰ ਆਪਣਾ ਸੁਣਨ ਵਾਲਾ ਸਾਜ਼-ਸਾਮਾਨ ਪਾਉਣ ਲਈ ਉਤਸ਼ਾਹਿਤ ਕਰਨ ਦਾ ਇਕ ਢੰਗ ਹੈ ਸਾਜ਼-ਸਾਮਾਨ ਨੂੰ ਚਮਕੀਲਾ ਅਤੇ ਰੰਗ-ਬਰੰਗਾ ਅਤੇ ਪਹਿਨਣ ਲਈ ਮਜ਼ੇ ਵਾਲਾ ਬਣਾਉਣਾ। ਪਾਠਕਾਂ ਵਲੋਂ ਸਿਫਾਰਿਸ਼ ਕੀਤੀਆਂ ਵਸਤਾਂ ਇਸ ਪ੍ਰਕਾਰ ਹਨ:

**ਸਕਿਨਿਟਸ** (www.skinit.com) – ਵਾਈਨਲ ਦੇ ਸਟਿੱਕਰ ਵਿਸ਼ੇਸ਼ ਰੂਪ ਵਿੱਚ ਕੋਕਲੀਅਰ ਇੰਪਲਾਂਟਾਂ 'ਤੇ ਫਿੱਟ ਹੋਣ ਵਾਲੀਆਂ ਸ਼ਕਲਾਂ ਵਿੱਚ ਬਣਾਏ ਹੁੰਦੇ ਹਨ ਅਤੇ ਬਿਨਾਂ ਕੋਈ ਨਿਸ਼ਾਨ ਛੱਡਿਆਂ ਲਾਹੇ ਜਾ ਸਕਦੇ ਹਨ। ਅਣਗਿਣਤ ਡਿਜ਼ਾਇਨਾਂ ਵਿੱਚ ਉਪਲਬਧ ਹਨ।



"ਮੇਰਾ ਬੇਟਾ ਉਹਨਾਂ ਨੂੰ ਪਸੰਦ ਕਰਦਾ ਹੈ! ਇਸ ਨੇ ਉਸ ਨੂੰ ਆਪਣੇ ਦੋਵੇਂ ਸੀ ਆਈਜ਼ (ਕੋਕਲੀਅਰ ਇੰਪਲਾਂਟਾਂ) ਨੂੰ ਪਹਿਲਾਂ ਨਾਲੋਂ ਵਧੇਰੇ ਵਾਰ ਪਾਉਣ ਲਈ ਉਤਸ਼ਾਹਿਤ ਕੀਤਾ ਸੀ। ਜਨਤਕ ਥਾਂਵਾਂ 'ਤੇ ਲੋਕ ਉਹਨਾਂ ਦੀਆਂ ਬਹੁਤ ਸਿਫਤਾਂ ਕਰਦੇ ਸਨ, ਉਸ ਨੂੰ ਉਹਨਾਂ 'ਤੇ ਬਹੁਤ ਮਾਣ ਸੀ! ਜਦੋਂ ਉਹਨਾਂ ਨੂੰ ਬਦਲਣ ਦਾ ਸਮਾਂ ਆਇਆ ਤਾਂ ਦੋਬਾਰਾ ਉਹਨਾਂ ਨੂੰ ਆਰਡਰ ਕਰਾਂਗੀ। ਉਹਨਾਂ ਕੋਲ ਚੁਣਨ ਲਈ ਹਜ਼ਾਰਾਂ ਡਿਜ਼ਾਇਨ ਹਨ!" **ਕੈਰਨ ਜੈਕਸਨ**

### ਸੁਝਾਅ #6 – ਕੁੱਝ ਘੱਟ ਰਵਾਇਤੀ ਵਿਚਾਰ

ਹਾਲ ਹੀ ਵਿੱਚ ਮੈਂ ਤੈਰਨ ਸਮੇਂ ਹਵਾ ਨਾਲ ਭਰੇ ਜਾਣ ਵਾਲੇ ਬਾਹਾਂ 'ਤੇ ਪਹਿਨਣ ਵਾਲੇ ਬੈਂਡਾਂ ਦੀ ਵਰਤੋਂ ਕਰਨ ਬਾਰੇ ਇਕ ਘੱਟ ਪ੍ਰਚੱਲਤ ਵਿਚਾਰ ਸੁਣਿਆ ਹੈ। ਉਹ ਸਟਿੱਕਰਾਂ ਜਾਂ ਫੈਲਟ ਮਾਰਕਰਾਂ ਨਾਲ ਸਜਾਏ ਜਾ ਸਕਦੇ ਹਨ ਅਤੇ ਪ੍ਰਤੱਖ ਰੂਪ ਵਿੱਚ ਰੁੜਨ ਵਾਲੇ ਉਮਰ ਦੇ ਬੱਚੇ ਜਾਂ ਰੁੜਨ ਵਾਲੀ ਉਮਰ ਦੀ ਬੱਚੀ ਨੂੰ ਕੰਨਾਂ ਤੱਕ ਪਹੁੰਚ ਕੇ ਹੱਥ ਨਾਲ ਹੀਅਰਿੰਗ ਏਡਾਂ ਨੂੰ ਖਿੱਚ ਕੇ ਲਾਹੁਣ ਤੋਂ ਰੋਕਦੇ ਹਨ। ਇਸ ਦਾ ਸੁਝਾਅ ਆਡੀਓਲੋਜਿਸਟ ਦੇ ਦਫਤਰ ਵਿੱਚ ਈਅਰਮੋਲਡ ਦੇ ਇੰਪ੍ਰੈਸ਼ਨ ਬਣਾਉਣ ਲਈ ਇਕ ਜੁਗਤ ਵਜੋਂ ਵੀ ਦਿੱਤਾ ਗਿਆ ਸੀ।

ਕਿਸੇ ਹੋਰ ਨੇ ਕਲਾਬਾਜ਼ੀਆਂ ਲਾਉਣ ਵਰਗੀਆਂ ਸਰਗਰਮੀਆਂ ਦੌਰਾਨ ਕੋਕਲੀਅਰ ਇੰਪਲਾਂਟ ਪਾਈ ਰੱਖਣ ਲਈ ਬੈਂਡਏਡਾਂ ਵਰਤਣ ਅਤੇ ਟੂਕ (ਬੁਣੀ ਹੋਈ ਗਰਮ ਟੋਪੀ) ਵਿੱਚ (ਅਤੇ ਕੋਕਲੀਅਰ ਇੰਪਲਾਂਟਾਂ ਵਿੱਚ ਵੀ) ਸਟੈਟਿਕ ਬਿਜਲੀ ਪੈਦਾ ਹੋਣ ਤੋਂ ਰੋਕਥਾਮ ਕਰਨ ਲਈ ਬਾਊਂਸ ਸ਼ੀਟਾਂ ਵਰਤਣ ਬਾਰੇ ਵੀ ਸੁਝਾਅ ਦਿੱਤਾ ਸੀ।

### ਸੁਝਾਅ #7 – ਧਿਆਨ ਲਾਂਭੇ ਪਾਉਣਾ, ਸ਼ਾਬਾਸ਼ ਦੇਣਾ ਅਤੇ ਇਨਾਮ

ਧਿਆਨ ਲਾਂਭੇ ਪਾਉਣਾ, ਸ਼ਾਬਾਸ਼ ਦੇਣਾ ਅਤੇ ਇਨਾਮ ਦੇਣਾ ਪਾਲਣ ਪੋਸ਼ਣ ਕਰਨ ਦੇ ਬਹੁਤ ਹੀ ਲਾਹੇਵੰਦ ਸਾਧਨ ਹਨ। ਧਿਆਨ ਲਾਂਭੇ ਪਾਉਣਾ ਬੇਬੀਆਂ ਅਤੇ ਰੁੜਨ ਦੀ ਉਮਰ ਦੇ ਬੱਚਿਆਂ ਲਈ ਸਭ ਤੋਂ ਵਧੀਆ ਜੁਗਤਾਂ ਵਿੱਚੋਂ ਇਕ ਜੁਗਤ ਹੋ ਸਕਦੀ ਹੈ। ਬਹੁਤ ਸਾਰੇ ਮਾਪੇ ਸਮਝਦੇ ਹਨ ਕਿ ਪਹਿਲੀ ਵਾਰੀ ਹੀਅਰਿੰਗ ਏਡਾਂ ਪਾਉਂਦੇ ਸਮੇਂ ਬੱਚਿਆਂ ਨੂੰ ਆਪਣੇ ਹੱਥਾਂ ਨੂੰ ਰੁੱਝੇ ਰੱਖਣ ਲਈ ਕਰਨ ਲਈ ਕੁੱਝ ਦੇਣਾ ਕੰਮ ਕਰਦਾ ਹੈ। ਇਸ ਦਾ ਮਤਲਬ ਕੋਈ ਅਜਿਹਾ ਖਿਡਾਉਣਾ ਹੋ ਸਕਦਾ ਹੈ ਜਾਂ ਤੁਹਾਡੇ ਵਲੋਂ ਖੇਡੀ ਜਾਂਦੀ ਕੋਈ ਖਾਸ ਖੇਡ ਹੋ ਸਕਦੀ ਜਿਸ ਨੂੰ ਉਦੋਂ ਕੱਢਿਆ ਜਾਂ ਖੇਡਿਆ ਜਾਂਦਾ ਹੈ ਜਦੋਂ ਪਹਿਲੀ ਵਾਰੀ ਹੀਅਰਿੰਗ ਏਡਾਂ ਪਾਈਆਂ ਜਾਂਦੀਆਂ ਹਨ। ਬਦਕਿਸਮਤੀ ਨਾਲ, ਮਾਪਿਆਂ ਵਜੋਂ ਸਾਡੇ ਕੋਲ ਹਮੇਸ਼ਾਂ ਇੰਨਾ ਸਮਾਂ ਨਹੀਂ ਹੁੰਦਾ ਕਿ ਅਸੀਂ ਬੱਚੇ ਦੇ ਜਾਗਦੇ ਹੋਣ ਸਮੇਂ ਉਸ ਦਾ ਹਰ ਮਿੰਟ ਲਈ ਦਿਲ ਪਰਚਾਈਏ, ਪਰ ਬਹੁਤੀ ਵਾਰ ਬੱਚੇ ਆਪਣੇ ਕੰਨਾਂ ਵਿੱਚ ਪਾਈਆਂ ਹੀਅਰਿੰਗ ਏਡਾਂ ਬਾਰੇ ਭੁੱਲ ਜਾਣਗੇ ਜੇ ਉਹਨਾਂ ਦਾ ਧਿਆਨ ਕਿਸੇ ਹੋਰ ਚੀਜ਼ ਵੱਲ ਲਾਇਆ ਗਿਆ ਹੋਵੇ। ਜਦੋਂ ਰੁੜਨ ਦੀ ਉਮਰ ਦੇ ਬੱਚੇ ਕੁੱਝ ਵੱਡੇ ਹੋ ਜਾਣ ਤਾਂ ਸ਼ਾਬਾਸ਼ ਦੇਣਾ ਚੰਗਾ ਕੰਮ ਕਰ ਸਕਦਾ ਹੈ। ਬੱਚੇ ਸੁਣਨ ਵਾਲੇ ਸਾਜ਼-ਸਾਮਾਨ ਦੀ ਕੀਤੀ ਸਿਫਤ ਦਾ ਚੰਗਾ ਹੁੰਗਾਰਾ ਦੇ ਸਕਦੇ ਹਨ, ਅਤੇ ਇਹ ਸਮਝਣ ਲੱਗ ਸਕਦੇ ਹਨ ਕਿ ਹੀਅਰਿੰਗ ਏਡ ਜਾਂ ਕੋਕਲੀਅਰ ਇੰਪਲਾਂਟ ਫਾਇਦੇਮੰਦ ਹਨ – "ਹੁਣ ਤੂੰ ਸੰਗੀਤ ਸੁਣ ਸਕਦਾ ਹੈਂ!" ਬੱਚਿਆਂ ਨੂੰ ਆਪਣੇ ਵਰਗੇ ਹੋਰ ਬੱਚਿਆਂ ਨੂੰ ਦੇਖ ਕੇ ਵੀ ਫਾਇਦਾ ਹੋ ਸਕਦਾ ਹੈ। ਅਜਿਹਾ ਆਪਣੇ ਵਰਗੇ ਹੋਰ ਬੱਚਿਆਂ ਨੂੰ ਵਿਅਕਤੀਗਤ ਪੱਧਰ 'ਤੇ ਦੇਖ ਕੇ ਜਾਂ ਕਿਤਾਬਾਂ, ਡੀ ਵੀ ਡੀਆਂ ਜਾਂ ਟੀ ਵੀ ਦੇ ਸ਼ੋਆਂ ਰਾਹੀਂ ਦੇਖ ਕੇ ਹੋ ਸਕਦਾ ਹੈ। (ਮੈਨੂੰ ਯਾਦ ਹੈ ਕਿ ਟੀ ਵੀ 'ਤੇ ਆਉਂਦੇ "ਬਾਰਨੀ ਸ਼ੋਅ" ਵਿੱਚ ਇਕ ਛੋਟਾ ਜਿਹਾ ਮੁੰਡਾ ਹੁੰਦਾ ਸੀ, ਜਿਸ ਨੇ ਉਸ ਤਰ੍ਹਾਂ ਦੀਆਂ ਹੀਅਰਿੰਗ ਏਡਾਂ ਪਾਈਆਂ ਹੁੰਦੀਆਂ ਸਨ, ਜਿਸ ਤਰ੍ਹਾਂ ਦੀਆਂ ਮੇਰਾ ਬੇਟਾ ਪਹਿਨਦਾ ਸੀ, ਇਸ ਲਈ ਅਸੀਂ ਕਦੀ ਕਦੀ ਉਹ ਸ਼ੋਅ ਦੇਖਦੇ ਹੁੰਦੇ ਸੀ ਅਤੇ ਮੈਂ ਉਸ ਮੁੰਡੇ ਦੀਆਂ ਹੀਅਰਿੰਗ ਏਡਾਂ ਵੱਲ ਆਪਣੇ ਬੇਟੇ ਦਾ ਧਿਆਨ ਦਿਵਾਉਂਦੀ ਸੀ।) ਬੱਚਿਆਂ ਦੀਆਂ ਬਹੁਤ ਸਾਰੀਆਂ ਕਿਤਾਬਾਂ ਉਪਲਬਧ ਹਨ ਜਿਹਨਾਂ ਵਿੱਚ ਬੋਲੇ ਅਤੇ ਉੱਚਾ ਸੁਣਨ ਵਾਲੇ ਪਾਤਰ ਦਿਖਾਏ ਹੁੰਦੇ ਹਨ (ਉਦਾਹਰਨ ਲਈ 'ਆਲ ਦੀ ਵੇਅਜ਼ ਆਈ ਹੀਅਰ ਯੂ"

ਅਤੇ ਅਜਿਹੇ ਬੱਚੇ ਲਈ, ਜਿਹੜਾ ਥੋੜ੍ਹਾ ਜਿਹਾ ਵੱਡਾ ਹੈ ਅਤੇ ਇਨਾਮ ਦੇ ਸੰਕਲਪ ਨੂੰ ਸਮਝਦਾ ਹੈ, ਤੁਸੀਂ ਉਸ ਨੂੰ ਹੀਅਰਿੰਗ ਏਡਾਂ ਪਾਈ

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

**Keep 'em Safe, Wear 'em Proud!**

**By Teresa Kazemir**

https://www.amazon.ca/All-Ways-I-Hear-You/dp/0578598973/ref=sr_1_20?crid=237Z9P934G-03D&keywords=children%27s+books+hearing+aid&qid=1677260890&sprefix=children%27s+-books+hearing+aid%2Caps%2C87&sr=8-20

ਰੱਖਣ ਬਦਲੇ ਹਮੇਸ਼ਾਂ ਕੈਂਡੀ, ਸੌਗੀ, ਸਟਿੱਕਰ ਅਤੇ ਡਾਲਰ ਸਟੋਰ ਵਿੱਚੋਂ ਮਿਲਣ ਵਾਲੇ ਛੋਟੇ ਖਿਡਾਉਣੇ ਇਨਾਮ ਵਜੋਂ ਦੇ ਕੇ ਦੇਖ ਸਕਦੇ ਹੋ। ਨਿਰਸੰਦੇਹ ਇਸ ਦਾ ਮਤਲਬ ਇਹ ਵੀ ਹੈ ਕਿ ਤੁਹਾਨੂੰ ਬਾਅਦ ਵਿੱਚ ਬੱਚੇ ਨੂੰ ਇਸ ਇਨਾਮ ਤੋਂ ਦੂਰ ਰੱਖਣ ਦਾ ਢੰਗ ਵੀ ਲੱਭਣਾ ਪਏਗਾ, ਕਿਉਂਕਿ ਦੁਨੀਆ ਭਰ ਦੇ ਦੰਦਾਂ ਦੇ ਡਾਕਟਰ ਇਹ ਗੱਲ ਪਸੰਦ ਨਹੀਂ ਕਰਨਗੇ ਕਿ ਅਸੀਂ ਹੀਅਰਿੰਗ ਏਡਾਂ ਪਾਉਂਦੇ ਸਮੇਂ ਹਮੇਸ਼ਾਂ ਆਪਣੇ ਬੱਚਿਆਂ ਨੂੰ ਕੈਂਡੀਆਂ ਦੀ ਰਿਸ਼ਵਤ ਦੇਈਏ!!

## ਸੁਝਾਅ #8 – ਨੈੱਟ ਉੱਤੇ ਕੁੱਝ ਆਮ ਵਸੀਲੇ

ਇੰਟਰਨੈੱਟ ਉੱਤੇ ਕਈ ਬਹੁਤ ਵਧੀਆ ਸਾਈਟ ਹਨ ਜਿਹਨਾਂ ਨੂੰ ਤੁਸੀਂ ਹੋਰ ਜਾਣਕਾਰੀ ਲਈ ਦੇਖ ਸਕਦੇ ਹੋ, ਜਿਵੇਂ ਕਿ:

https://www.babyhearing.org/devices/help-baby-adjust-hearing-aids (ਇੱਥੇ ਬਹੁਤ ਸਾਰੀ ਉਪ੍ਰੋਕਤ ਜਾਣਕਾਰੀ ਅਤੇ ਵਸਤਾਂ ਅਤੇ ਹੋਰ ਕਈ ਕੁੱਝ ਦਰਸਾਇਆ ਗਿਆ ਹੈ।)

- www.handsandvoices.org/articles/early_intervention/b3_corner.html (ਸਵਾਲ 3 ਅਤੇ 4 ਵਿੱਚ ਹੀਅਰਿੰਗ ਏਡਾਂ ਨੂੰ ਪਾਈ ਰੱਖਣ ਨਾਲ ਸੰਬੰਧਿਤ ਸਵਾਲ ਦਾ ਜਵਾਬ ਦਿੱਤਾ ਗਿਆ ਹੈ।)

## ਸੁਝਾਅ # 9 – ਆਪਣੇ ਆਡੀਓਲੌਜਿਸਟ ਨਾਲ ਗੱਲ ਕਰੋ

ਆਪਣੇ ਆਡੀਓਲੌਜਿਸਟ ਨਾਲ ਬਕਾਇਦਗੀ ਨਾਲ ਗੱਲ ਕਰਨਾ ਸਦਾ ਹੀ ਚੰਗੀ ਗੱਲ ਹੈ, ਖਾਸ ਕਰਕੇ ਉਦੋਂ ਜਦੋਂ ਤੁਹਾਡਾ ਬੱਚਾ ਆਪਣਾ ਸੁਣਨ ਦਾ ਸਾਜ਼-ਸਾਮਾਨ ਪਹਿਨਣ ਤੋਂ ਇਨਕਾਰ ਕਰ ਰਿਹਾ ਹੋਵੇ ਜਾਂ ਪਹਿਲਾਂ ਦੇ ਮੁਕਾਬਲੇ ਵੱਖਰੇ ਢੰਗ ਨਾਲ ਪ੍ਰਤੀਕਰਮ ਕਰ ਰਿਹਾ ਹੋਵੇ। ਇਹ ਪੱਕਾ ਕਰਨਾ ਮਹੱਤਵਪੂਰਨ ਹੈ ਕਿ ਈਅਰਮੋਲਡ ਜਾਂ ਹੀਅਰਿੰਗ ਏਡ ਰਗੜ ਲਾ ਕੇ ਦੁਖਦੀ ਥਾਂ ਨਾ ਬਣਾ ਰਹੀ ਹੋਵੇ ਅਤੇ ਤੁਹਾਡੇ ਬੱਚੇ ਦੇ ਕੰਨ ਵਿੱਚ ਇਨਫੈਕਸ਼ਨ ਨਾ ਹੋਵੇ। ਆਡੀਓਲੌਜਿਸਟ ਇਹ ਪੱਕਾ ਕਰਨ ਲਈ ਦੇਖੇਗਾ ਕਿ ਕੀ ਈਅਰਮੋਲਡ ਸਹੀ ਢੰਗ ਨਾਲ ਫਿੱਟ ਹੋ ਰਿਹਾ ਹੈ (ਬੱਚੇ ਬਹੁਤ ਤੇਜ਼ੀ ਨਾਲ ਈਅਰਮੋਲਡ ਤੋਂ ਵੱਡੇ ਹੋ ਜਾਂਦੇ ਹਨ), ਕਿ ਕੀ ਹੀਅਰਿੰਗ ਏਡ ਸਹੀ ਢੰਗ ਨਾਲ ਕੰਮ ਕਰ ਰਹੀ ਹੈ (ਬੱਚੇ ਕਈ ਵਾਰ ਅਜਿਹੀ ਹੀਅਰਿੰਗ ਏਡ ਜਾਂ ਇੰਪਲਾਂਟ ਨੂੰ ਖਿੱਚ ਕੇ ਲਾਹ ਦਿੰਦੇ ਹਨ ਜਿਸ ਦੀ ਬੈਟਰੀ ਖਤਮ ਹੋ ਗਈ ਹੋਵੇ ਜਾਂ ਜਿਹੜੀ ਹੀਅਰਿੰਗ ਏਡ ਜਾਂ ਇੰਪਲਾਂਟ ਚੰਗੀ ਤਰ੍ਹਾਂ ਕੰਮ ਨਾ ਕਰ ਰਿਹਾ ਹੋਵੇ) ਅਤੇ ਇਹ ਦੇਖੇਗਾ ਕਿ ਕੀ ਸੁਣਨ ਦਾ ਸਾਜ਼ ਸਾਮਾਨ ਸਹੀ ਢੰਗ ਨਾਲ ਸੈੱਟ ਕੀਤਾ ਗਿਆ ਹੈ।

## ਸੁਝਾਅ #10 – ਆਪਣੇ ਆਪ ਨੂੰ ਬ੍ਰੇਕ ਦਿਓ

ਬੇਸ਼ੱਕ ਤੁਹਾਡਾ ਉਦੇਸ਼ ਇਹ ਹੋਵੇਗਾ ਕਿ ਤੁਹਾਡਾ ਬੱਚਾ ਆਪਣਾ ਸੁਣਨ ਵਾਲਾ ਸਾਜ਼ ਸਾਮਾਨ ਬਾਕਾਇਦਗੀ ਨਾਲ ਪਹਿਨੇ, ਪਰ ਇਹ ਆਮ ਤੌਰ 'ਤੇ ਇਕਦਮ ਨਹੀਂ ਹੁੰਦਾ। ਕੁੱਝ ਬੇਬੀ ਸਹਿਣਸ਼ੀਲ ਹੁੰਦੇ ਹਨ ਅਤੇ ਰੁੜਨ ਦੀ ਉਮਰ ਦੇ ਕੁੱਝ ਬੱਚੇ ਆਪਣਾ ਸੁਣਨ ਵਾਲਾ ਸਾਜ਼ ਸਾਮਾਨ ਮੰਗ ਕੇ ਪਹਿਨਦੇ ਹਨ ਅਤੇ ਉਸ ਨੂੰ ਲਾਹੁਣਾ ਨਹੀਂ ਚਾਹੁੰਦੇ। ਪਰ ਦੂਸਰੇ ਬੱਚੇ ਵੱਖ ਵੱਖ ਪੜਾਵਾਂ ਰਾਹੀਂ ਗੁਜ਼ਰਦੇ ਹਨ ਜਿਹਨਾਂ ਵਿੱਚ ਉਹ ਸੁਣਨ ਵਾਲੇ ਸਾਜ਼-ਸਾਮਾਨ ਨੂੰ ਉਸ ਵੇਲੇ ਹੀ ਲਾਹੁਣ ਲਈ ਪੱਕੇ ਹੁੰਦੇ ਹਨ, ਜਦੋਂ ਹੀ ਤੁਸੀਂ ਉਹ ਉਸ ਨੂੰ ਪਹਿਨਾਉ। ਨਿਰਾਸ਼ ਨਾ ਹੋਵੇ ਅਤੇ ਹਰ ਵੇਲੇ ਸਾਜ਼-ਸਾਮਾਨ ਵੱਲ ਧਿਆਨ ਦਿੱਤੇ ਬਿਨਾਂ ਆਪਣੇ ਬੱਚੇ ਨਾਲ ਆਨੰਦ ਮਾਣਨ ਦੀ ਕੋਸ਼ਿਸ਼ ਕਰੋ। ਉਹਨਾਂ ਸਮਿਆਂ ਦੌਰਾਨ ਜਦੋਂ ਤੁਹਾਡਾ ਬੱਚਾ ਸੁਣ ਨਾ ਸਕਦਾ ਹੋਵੇ, ਤੁਸੀਂ ਫਿਰ ਵੀ ਛੋਹ, ਇਸ਼ਾਰਿਆਂ, ਸਾਈਨਾਂ ਆਦਿ ਨਾਲ ਉਸ ਨਾਲ ਸੰਚਾਰ ਕਰ ਸਕਦੇ ਹੋ। ਜੇ ਤੁਹਾਨੂੰ ਇਹ ਚਿੰਤਾ ਹੋਵੇ ਕਿ ਤੁਹਾਡੇ ਬੱਚੇ ਦਾ ਬੋਲੀ ਜਾਣ ਵਾਲੀ ਭਾਸ਼ਾ ਨਾਲ ਕਾਫੀ ਵਾਹ ਨਹੀਂ ਪੈ ਰਿਹਾ, ਤਾਂ ਤੁਸੀਂ ਅਮਰੀਕਨ ਸਾਈਨ ਲੈਂਗੁਏਜ ਸਿੱਖਣ ਦੇ ਮੌਕਿਆਂ ਬਾਰੇ ਆਪਣੇ ਅਰਲੀ ਇੰਟਰਵੈਨਸ਼ਨਿਸਟ (ਅਗੇਤੀ ਦਖਲਅੰਦਾਜ਼ੀ ਕਰਨ ਵਾਲੇ) ਨਾਲ ਗੱਲ ਕਰ ਸਕਦੇ ਹੋ। ਤੁਸੀਂ ਆਪਣੇ ਬੱਚੇ ਨੂੰ ਚੰਗੀ ਤਰ੍ਹਾਂ ਜਾਣਦੇ ਹੋ, ਅਤੇ ਹੌਲੀ ਹੌਲੀ ਤੁਸੀਂ ਜਾਣ ਜਾਓਗੇ ਕਿ ਉਸ ਲਈ ਅਤੇ ਤੁਹਾਡੇ ਪਰਿਵਾਰ ਲਈ ਕਿਹੜੀ ਚੀਜ਼ ਸਭ ਤੋਂ ਵਧੀਆ ਕੰਮ ਕਰਦੀ ਹੈ।

ਇਸ ਲਈ ਜੇ ਤੁਹਾਨੂੰ ਆਪਣੇ ਬੱਚੇ ਦੇ ਸੁਣਨ ਵਾਲਾ ਸਾਜ਼-ਸਾਮਾਨ ਪਹਿਨਾਈ ਰੱਖਣ ਵਿੱਚ ਮੁਸ਼ਕਿਲਾਂ ਆ ਰਹੀਆਂ ਹਨ, ਤਾਂ ਅਸੀਂ ਆਸ ਕਰਦੇ ਹਾਂ ਕਿ ਇਹਨਾਂ ਵਿੱਚੋਂ ਕੁੱਝ ਸੁਝਾਅ ਮਦਦਗਾਰ ਹੋਣਗੇ। ਇਸ ਦੇ ਨਾਲ ਹੀ ਅਸੀਂ ਇਹ ਵੀ ਆਸ ਕਰਦੇ ਹਾਂ ਕਿ ਤੁਸੀਂ ਸਮਝ ਜਾਓਗੇ ਕਿ ਇਸ ਜਦੋਜਹਿਦ ਵਿੱਚ ਤੁਸੀਂ ਇਕੱਲੇ ਨਹੀਂ ਹੋ। ਬਹੁਤੇ ਮਾਪਿਆਂ ਲਈ ਇਹ ਪੜਾਅ ਚੁਣੌਤੀਆਂ ਭਰਪੂਰ ਹੁੰਦਾ ਹੈ, ਅਤੇ ਅਸੀਂ ਤੁਹਾਨੂੰ ਜਾਣਕਾਰੀ ਅਤੇ ਸਮਰਥਨ ਲਈ ਹੋਰ ਮਾਪਿਆਂ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਬੀ ਸੀ ਹੈਂਡਜ਼ ਐਂਡ ਵੁਆਇਸਜ਼ ਦੇ ਸਮਾਗਮਾਂ ਵਿੱਚ ਆਉ, ਆਪਣੇ ਪੇਅਰੈਂਟ ਗਾਈਡ ਨੂੰ ਕਾਲ ਕਰੋ, ਆਪਣੀ ਅਰਲੀ ਇੰਟਰਵੈਨਸ਼ਨ ਏਜੰਸੀ ਨਾਲ ਦੂਜੇ ਮਾਪਿਆਂ ਨਾਲ ਮਿਲਣ ਬਾਰੇ ਗੱਲ ਕਰੋ ਜਾਂ ਫੇਸਬੁੱਕ ਜਾਂ ਈਮੇਲ ਰਾਹੀਂ ਸਾਨੂੰ ਲਿਖੋ। ਅਸੀਂ ਇਕ ਦੂਸਰੇ ਲਈ ਬਹੁਤ ਵਧੀਆ ਵਸੀਲਾ ਹੋ ਸਕਦੇ ਹਾਂ।

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।